ਦੇਸ਼ ਸੇਵਕ
ਚੰਡੀਗੜ੍ਹ, ਐਤਵਾਰ 5 ਦਸੰਬਰ, 1999

ਵਿਚਾਰ-ਚਰਚਾ

ਗੁਰਸ਼ਰਨ ਸਿੰਘ

# ਕੇਂਦਰੀ ਪੰਜਾਬੀ ਲੇਖਕ ਸਭਾ ਦੀ ਚੋਣ

ਇਹ ਚੋਣ 12 ਦਸੰਬਰ ਨੂੰ ਹੋਣੀ ਹੈ। ਇਕ ਨਵੀਂ ਟੀਮ ਨੇ ਦੋ ਸਾਲ ਕੰਮ ਕਰਨਾ ਹੈ। ਚੰਗਾ ਤਾਂ ਇਹ ਹੁੰਦਾ ਹੈ ਕਿ ਸਾਰੇ ਲੇਖਕਾਂ ਦੀ ਇਕ ਜਨਰਲ ਇਕੱਤਰਤਾ ਚੋਣਾਂ ਤੋਂ ਪਹਿਲਾਂ ਕੀਤੀ ਜਾਂਦੀ ਤਾਂ ਜੋ ਆਉਣ ਵਾਲੇ ਦੋ ਸਾਲਾਂ ਦੇ ਕੰਮ ਬਾਰੇ ਕੋਈ ਆਮ ਰਾਏ ਬਣਾ ਕੇ ਇਕ ਪ੍ਰੋਗਰਾਮ ਉਲੀਕਿਆ ਜਾਂਦਾ। ਹੁਣ ਇਹ ਕੰਮ ਨਵੀਂ ਟੀਮ ਨੇ ਆਪ ਹੀ ਉਲੀਕਣਾ ਹੈ ਪਰ ਵਿਚਾਰ-ਵਟਾਂਦਰੇ ਲਈ ਕੁਝ ਗੱਲਾਂ ਇਥੇ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ।

ਪੰਜਾਬੀ ਸਾਹਿਤ ਲਈ ਆਉਣ ਵਾਲੇ ਸਮੇਂ ਦੀ ਜਿਹੜੀ ਵੱਡੀ ਚੁਣੌਤੀ ਹੈ, ਉਹ ਸਪੱਸ਼ਟ ਤੌਰ 'ਤੇ ਦੋ ਗੱਲਾਂ ਉੱਤੇ ਨਿਰਭਰ ਹੈ। ਪਹਿਲੀ ਗੱਲ ਹੈ ਕਿ ਸਾਹਿਤ ਦੀ ਪਹੁੰਚ ਵੱਧ ਤੋਂ ਵੱਧ ਲੋਕਾਂ ਤੱਕ ਕੀਤੀ ਜਾਏ। ਪਹਿਲੇ ਕੰਮ ਲਈ ਵਿਦਵਾਨ ਆਲੋਚਕਾਂ ਦੀ ਸ਼ਮੂਲੀਅਤ ਵਾਲੇ ਸੈਮੀਨਾਰ ਅਤੇ ਗੋਸ਼ਟੀਆਂ ਦਾ ਪ੍ਰਬੰਧ ਜ਼ਰੂਰੀ ਹੈ। ਚੰਗੇ ਸਾਹਿਤ ਦੀ ਪਹਿਚਾਣ ਕਰਵਾਉਣੀ ਹੈ ਅਤੇ ਇਹ ਵੇਖਣਾ ਹੈ ਕਿ ਐਵੇਂ ਹੀ ਕਿਤਾਬਾਂ ਤੇ ਕਿਤਾਬਾਂ ਨਾ ਛਪਵਾਈਆਂ ਜਾਣ। ਇਕ ਫੋਰਮ ਐਸਾ ਜ਼ਰੂਰ ਹੋਵੇ ਜਿਹੜਾ ਉਭਰਦੇ ਹੋਏ ਲੇਖਕਾਂ ਨੂੰ ਉਤਸ਼ਾਹਤ ਵੀ ਕਰੇ ਪਰ ਨਾਲ ਉਹਨਾਂ ਨੂੰ ਸੇਧ ਵੀ ਦੇਵੇ। ਕਵਿਤਾ, ਕਹਾਣੀ, ਨਾਵਲ ਅਤੇ ਨਾਟਕ ਵਿਧਾਵਾਂ ਦੇ ਆਪਣੇ ਮੁਹਾਵਰੇ ਹਨ, ਇਹਨਾਂ ਬਾਰੇ ਲਿਖਣ ਵਾਲਿਆਂ ਨੂੰ ਆਲੋਚਕਾਂ ਦੀ ਨਿਰਪੱਖ ਸੇਧ ਦੀ ਲੋੜ ਹੈ। ਦੂਜੇ ਕੰਮ ਲਈ ਵੱਡੀਆਂ ਸਾਹਿਤਕ ਕਾਨਫਰੰਸਾਂ ਦਾ ਪ੍ਰਬੰਧ ਕਰਨਾ ਹੈ। ਆਮ ਲੋਕਾਂ ਦੀ ਸ਼ਮੂਲੀਅਤ ਉਹਦੇ ਲਈ ਵੱਡੀ ਸ਼ਰਤ ਹੈ। ਸੋ ਨਵੀਂ ਟੀਮ ਚੁਣਨ ਵੇਲੇ ਇਹ ਵੇਖਿਆ ਜਾਏ ਕਿ ਜਿਹੜੇ ਵੱਖ-ਵੱਖ ਅਹੁਦਿਆਂ ਲਈ ਉਮੀਦਵਾਰ ਹਨ, ਉਹ ਇਹ ਕੰਮ ਕਿਸ ਤਰ੍ਹਾਂ ਪੂਰਾ ਕਰ ਸਕਦੇ ਹਨ? ਵੋਟਰ ਲੇਖਕਾਂ ਨੇ ਇਹ ਚੋਣ ਕਰਨੀ ਹੈ ਕਿ ਪ੍ਰਬੰਧਕੀ ਪ੍ਰਤਿਭਾ ਕਿਸਦੇ ਕੋਲ ਬਹੁਤੀ ਹੈ?

ਪਿਛਲੀ ਵਾਰੀ ਮੈਂ ਸੰਤੋਖ ਸਿੰਘ ਧੀਰ ਹੋਰਾਂ ਦੇ ਮੁਕਾਬਲੇ ਵਿਚ ਪ੍ਰਧਾਨਗੀ ਲਈ ਉਮੀਦਵਾਰ ਸਾਂ। ਸੰਤੋਖ ਸਿੰਘ ਧੀਰ ਹੋਰਾਂ ਦੀ ਸਾਹਿਤਕ ਘਾਲਣਾ ਅਤੇ ਉਹਨਾਂ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਕੋਈ ਕਿੰਤੂ ਨਹੀਂ ਸੀ ਪਰ ਮੈਂ ਉਹਨਾਂ ਦਾ ਪੂਰਾ ਸਤਿਕਾਰ ਕਰਦਾ ਹੋਇਆ ਵੀ ਉਹਨਾਂ ਦੇ ਮੁਕਾਬਲੇ ਵਿਚ ਉਮੀਦਵਾਰ ਸਾਂ ਕਿਉਂਕਿ ਮੈਂ ਸਮਝਦਾ ਸਾਂ ਕਿ ਉਹਨਾਂ ਦੇ ਮੁਕਾਬਲੇ ਵਿਚ ਦੌੜ-ਭੱਜ ਬਹੁਤੀ ਕਰ ਸਕਦਾ ਸਾਂ। ਆਪਣੀਆਂ ਨਾਟਕ ਸਰਗਰਮੀਆਂ ਦੇ ਸਿਲਸਿਲੇ ਵਿਚ ਮੈਂ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ ਰਹਿੰਦੇ ਲੇਖਕਾਂ ਨਾਲ ਸਰਗਰਮ ਸੰਪਰਕ ਰੱਖ ਸਕਦਾ ਸਾਂ। ਮੈਂ ਆਪਣਾ ਚੋਣ ਮਨੋਰਥ ਵੀ ਲੇਖਕਾਂ ਅੱਗੇ ਪੇਸ਼ ਕੀਤਾ ਸੀ। ਫ਼ਸਵੀਂ ਟੱਕਰ ਇਕ ਖੁਸ਼ਗਵਾਰ ਤਲਰਥਾ ਸੀ। ਕਿਸੇ ਕਿਸਮ ਦੀ ਕੁੜੱਤਣ ਨਹੀਂ ਸੀ।

ਹੁਣ ਪ੍ਰਧਾਨਗੀ ਦੀ ਚੋਣ ਲਈ ਦੋ ਉਮੀਦਵਾਰ ਸਾਡੇ ਕੋਲ ਹਨ। ਡਾਕਟਰ ਜਗਤਾਰ ਅਤੇ ਹਰਭਜਨ ਸਿੰਘ ਹੁੰਦਲ। ਦੋਨੋਂ ਹੀ ਸਾਡੇ ਬੜੇ ਸਤਿਕਾਰਯੋਗ ਲੇਖਕ ਹਨ। ਕਿਸੇ ਸਾਂਝੇ ਸਾਹਿਤਕ ਸਮਾਗਮ ਵਿਚ ਜੇਕਰ ਸਾਨੂੰ ਮੌਕਾ ਮਿਲ ਜਾਂਦਾ ਤਾਂ ਚੰਗਾ ਹੁੰਦਾ ਕਿ ਅਸੀਂ ਉਹਨਾਂ ਦੇ ਵਿਚਾਰ ਜਾਣ ਸਕਦੇ ਕਿ ਉਹ ਉਹਦੇ ਦੱਸੇ ਹੋਏ ਉਦੇਸ਼ਾਂ ਭਾਵ ਸਾਹਿਤ ਦੇ ਪੱਧਰ ਨੂੰ ਉੱਚਾ ਚੁੱਕਣ ਅਤੇ ਸਾਹਿਤ ਲੋਕਾਂ ਵਿਚ ਲਿਜਾਣ ਲਈ ਕੀ ਵਿਉਂਤ ਰੱਖਦੇ ਹਨ? ਹੁਣ ਉਹਨਾਂ ਕੋਲੋਂ ਉਮੀਦ ਰੱਖੀ ਜਾਂਦੀ ਹੈ ਕਿ 12 ਦਸੰਬਰ ਤੋਂ ਪਹਿਲਾਂ ਉਹ ਆਪਣੀਆਂ ਪ੍ਰਥਮਤਾਵਾਂ ਪ੍ਰੈਸ ਬਿਆਨਾਂ ਰਾਹੀਂ ਜ਼ਰੂਰ ਦੱਸਣ। ਪੰਜਾਬੀ ਅਖ਼ਬਾਰਾਂ ਦਾ ਵਿਸ਼ੇਸ਼ ਤੌਰ 'ਤੇ ਇਹ ਫਰਜ਼ ਹੈ ਕਿ ਇਹਨਾਂ ਬਿਆਨਾਂ ਨੂੰ ਪੂਰੀ ਥਾਂ ਦੇਣ। ਇਹ ਬਿਆਨ ਨਿਰਪੱਖ ਹੋ ਕੇ ਛਾਪੇ ਜਾਣ ਕਿਉਂਕਿ ਇਹ ਚੋਣ ਪੰਜਾਬ ਦੇ ਸਮੁੱਚੇ ਸਮਾਜ ਉੱਤੇ ਅਸਰ ਰੱਖਦੀ ਹੈ। ਵੋਟਰ ਲੇਖਕਾਂ ਨੂੰ ਵੀ ਚੋਣ ਕਰਨੀ ਆਸਾਨ ਹੋਵੇਗੀ।

ਇਸੇ ਤਰ੍ਹਾਂ ਦੂਜੇ ਅਹਿਮ ਅਹੁਦੇ ਲਈ ਉਮੀਦਵਾਰ ਹਨ, ਡਾ. ਅਨੂਪ ਸਿੰਘ, ਅਵਤਾਰ ਜੌੜਾ ਅਤੇ ਐਸ. ਤਰਸੇਮ। ਲੇਖਕਾਂ ਵਿਚ ਇਹ ਜਾਣੇ ਪਹਿਚਾਣੇ ਨਾਂ ਹਨ। ਫਿਰ ਵੀ ਲੇਖਕਾਂ ਦੀ ਜਥੇਬੰਦੀ ਵਾਸਤੇ ਉਹਨਾਂ ਦੀ ਕੰਮ ਕਰਨ ਦੀ ਸੋਚ ਖੁੱਲ੍ਹਕੇ ਸਾਹਮਣੇ ਆਉਣੀ ਚਾਹੀਦੀ ਹੈ। ਉਹਨਾਂ ਦਾ ਫਰਜ਼ ਹੈ ਕਿ ਉਹ ਆਪਣੇ ਬਾਰੇ ਅਤੇ ਦੂਜਿਆਂ ਦੀ ਪ੍ਰਤਿਭਾ ਬਾਰੇ ਵੀ ਗੱਲ ਕਰਨ। ਨਿੱਜੀ ਚਿੱਕੜ ਉਛਾਲੀ ਤੋਂ ਉੱਤੇ ਉੱਠ ਕੇ ਇਕ ਦੂਜੇ ਦੀਆਂ ਕਮਜ਼ੋਰੀਆਂ ਦੱਸਣੀਆਂ ਕੋਈ ਗ਼ੈਰਨੈਤਿਕਤਾ ਨਹੀਂ, ਕਿਉਂਕਿ ਇਹ ਸਾਫ਼ ਕਰਨਾ ਹੁੰਦਾ ਹੈ ਕਿ ਉਹ ਦੂਸਰੇ ਤੋਂ ਕਿਉਂ ਚੰਗੇ ਉਮੀਦਵਾਰ ਹਨ? ਖੁੱਲ੍ਹਕੇ ਸਵਾਂਦ ਰਚਣਾ ਚਾਹੀਦਾ ਹੈ। ਪੰਜਾਬੀ ਅਖ਼ਬਾਰਾਂ ਦਾ ਵੱਡਾ ਫਰਜ਼ ਬਣਦਾ ਹੈ ਕਿ ਉਹ ਇਸ ਮਹੱਤਵਪੂਰਨ ਚੋਣ ਵਿਚ ਆਪਣੀ ਨਿਰਪੱਖ ਭੂਮਿਕਾ ਨਿਭਾਉਣ। ਲੇਖਕ ਸਮਾਜ ਦਾ ਇਕ ਅੰਗ ਹਨ।

ਚੰਗਾ ਸਮਾਜ ਬਣਾਉਣ ਵਿਚ ਉਹਨਾਂ ਦੀ ਵੱਡੀ ਦੇਣ ਹੈ। ਇਹ ਚੋਣ ਕੋਈ ਚੌਧਰ ਦੀ ਲੜਾਈ ਨਹੀਂ, ਜ਼ਿੰਮੇਵਾਰੀ ਨਿਭਾਉਣ ਦੀ ਦਾਅਵੇਦਾਰੀ ਹੈ। ਇਸ ਚੋਣ ਦੇ ਵੋਟਰ ਕਲਮਾਂ ਚਲਾਉਣ ਵਾਲੇ ਲੇਖਕ ਹਨ। ਠੀਕ ਚੋਣ ਲਈ ਉਹਨਾਂ ਦੀ ਸਿਆਣਪਤਾ ਨੂੰ ਮੌਕਾ ਦੇਣਾ ਜ਼ਰੂਰੀ ਹੈ। ਅਖ਼ਬਾਰਾਂ ਨੂੰ ਰਾਇ ਬਣਾਉਣ ਵਿਚ ਮਦਦ ਕਰਨੀ ਚਾਹੀਦੀ ਹੈ। ਅਖ਼ਬਾਰਾਂ ਸਿਰਫ਼ ਸਿਆਸਤਦਾਨਾਂ ਲਈ ਨਹੀਂ ਹੁੰਦੀਆਂ। ਚੰਗੀ ਟੀਮ ਚੁਣੀ ਜਾਏ, ਇਹ ਸਾਰੇ ਲੇਖਕਾਂ ਦੀ ਖੁਸ਼ਕਿਸਮਤੀ ਹੋਵੇਗੀ।